Tender Heart High school sec- 33 B chd

Class - 9 Ramandeep Kaur

Topic - ਸੁਹਾਗ (ਇਕਾਂਗੀ) ਪਾਠ - 1 (P-1)

ਸ਼ੁੱਭ ਸਵੇਰ

ਵਿਦਿਆਰਥੀਓ, ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਇਕਾਂਗੀ 'ਸੁਹਾਗ' ਬਾਰੇ ਵਿਚਾਰ ਕਰਾਂਗੇ। 'ਆਈ. ਸੀ. ਨੰਦਾ' ਦੀ ਇਹ ਰਚਨਾ ਤੁਹਾਡੀ ਪਾਠ ਪੁਸਤਕ ਮੰਚ ਮਹਿਕ ਵਿੱਚ ਦਰਜ ਹੈ। ਇਸਦਾ ਵਿਸਥਾਰ ਤੁਹਾਨੂੰ ਜੁਲਾਈ … ਨੂੰ ਭੇਜ ਰਹੇ ਹਾਂ।

ਆਓ ਹੁਣ ਵਿਚਾਰਦੇ ਹਾਂ ਕਿ ਪਿੰਡ ਦੀ ਨੈਣ ਉਸ ਵਰ ਬਾਰੇ ਕੀ ਜਾਣਕਾਰੀ ਦਿੰਦੀ ਹੈ। ਲੋਕਾਂ ਨੂੰ ਤਾਂ ਸਿਰਫ ਵੱਡੀ ਉਮਰ ਬਾਰੇ ਹੀ ਪਤਾ ਸੀ ਪਰ ਸੰਤਪੁਰ ਤਾਂ ਨੈਣ ਦੇ ਪੇਕਿਆਂ ਦੇ ਨਾਲ ਦਾ ਪਿੰਡ ਸੀ।

→ ਨੈਣ ਦੁਆਰਾ ਸਾਰੀ ਸੱਚੀ ਗੱਲ ਦੱਸਣੀ

ਲੋਕਾਂ ਨੂੰ ਪੁਜ਼ਿਆਸੀਰ ਸਾਰੀ ਗੱਲ ਖੋਲ ਕੇ ਨਹੀਂ ਦੱਸਦਾ। ਪਰ ਨੈਣ ਨੂੰ ਉਸ ਖਾਨਦਾਨ ਬਾਰੇ ਸਭ ਕੁੱਝ ਪਤਾ ਹੈ। ਉਹ ਦੱਸਦੀ ਹੈ ਕਿ ਉਹ ਵਡੇਰੀ ਉਮਰ ਦਾ ਹੈ, ਪੈਨਸ਼ਨ ਪਾ ਚੁੱਕਾ ਹੈ, ਉਸਦੇ ਦੋ ਮੁੰਡੇ ਨੌਕਰੀ ਕਰਦੇ ਹਨ ਅਤੇ ਧੀ ਦਾ ਵਿਆਹ ਪਿਛਲੇ ਸਾਲ ਕੀਤਾ ਹੈ। ਅਜਿਹੀਆਂ ਗੱਲਾਂ ਸੁਣ ਕੇ ਲੋਕਾਂ ਦਾ ਮਨ ਵੈਰਾਗਿਆ ਜਾਂਦਾ ਹੈ। ਨੈਣ ਹੋਰ ਦੱਸਦੀ ਹੈ ਕਿ ਉਸ ਬੰਦੇ ਦਾ ਆਪਣੇ ਸੌਤ੍ਰਿਆਂ ਨਾਲ ਝਗੜਾ ਹੋਇਆ ਸੀ ਤੇ ਉਸਦਾ ਪਿਓ ਵਿਆਹ ਕਰਵਾ ਕੇ ਜਾਇਦਾਦ ਬਚਾਉਣਾ

Class - 9 | Ramandeep Kaur
Topic - ਸੁਹਾਗ | ਪਾਠ - 1 (P-2)

ਚਾਹੁੰਦਾ ਹੈ। ਇਹ ਸਾਰੀਆਂ ਗੱਲਾਂ ਸੁਣ ਕੇ ਕੌਰਾਂ ਦਾ ਮਨ ਬਹੁਤ ਖਰਾਬ ਹੁੰਦਾ ਹੈ। ਉਹ ਦੁਖੀ ਹੁੰਦੀ ਹੈ। ਉਹ ਨੈਣ ਨੂੰ ਕਹਿੰਦੀ ਹੈ ਕਿ ਪਿੰਡ ਵਿੱਚ ਉਹ ਕਿਸੇ ਨਾਲ ਇਸ ਬਾਰੇ ਗੱਲ ਨਾ ਕਰੇ ਆਪਣੇ ਤੱਕ ਹੀ ਰੱਖੇ। ਨੈਣ ਦੇ ਜਾਣ ਤੋਂ ਬਾਅਦ ਉਹ ਸੁੱਖ ਦਾ ਸਾਹ ਲੈਂਦੀ ਹੈ ਕਿ ਅਜੇ ਉਹਨਾਂ ਨੇ ਸ਼ਗਨ ਨਹੀਂ ਭੇਜਿਆ ਸੀ, ਸਚਾਈ ਪਹਿਲਾਂ ਹੀ ਪਤਾ ਲਗ ਗਈ ਹੈ।

→ ਹੁਸ਼ਿਆਰਚੰਦ ਨਾਲ ਰਿਸ਼ਤੇ ਬਾਰੇ ਕੌਰਾਂ ਦਾ ਝਗੜਾ

ਜਦੋਂ ਹੁਸ਼ਿਆਰਚੰਦ ਘਰ ਆਉਂਦਾ ਹੈ ਤਾਂ ਅਤਿ ਦੁਖੀ ਹੋਈ ਕੌਰਾਂ ਉਸਨੂੰ ਕਹਿੰਦੀ ਹੈ ਕਿ ਤੇਰੇ ਸਾਰੇ ਕੰਮ ਹੀ ਗਲਤ ਹੁੰਦੇ ਹਨ। ਫਿਰ ਤੂੰ ਮੈਨੂੰ ਸੱਚ ਨਹੀਂ ਦਸਦਾ। ਸਾਰੀ ਗੱਲ ਖੋਲ੍ਹ ਕੇ ਨਹੀਂ ਕਰਦਾ। ਨੈਣ ਮੈਨੂੰ ਸਭ ਕੁੱਝ ਸੱਚ ਦਸ ਗਈ ਹੈ। ਜੋ ਮਰਜ਼ੀ ਹੋ ਜਾਵੇ ਮੈਂ ਆਪਣੀ ਧੀ ਦੀ ਜ਼ਿੰਦਗੀ ਨਰਕ ਨਹੀਂ ਬਣਾਉਣੀ, ਮੈਂ ਜੰਡਿਆਲੇ ਉਸਦਾ ਰਿਸ਼ਤਾ ਨਹੀਂ ਕਰਨਾ। ਹੁਸ਼ਿਆਰਚੰਦ ਉਸਨੂੰ ਕਹਿੰਦਾ ਹੈ ਮੈਨੂੰ ਵੀ ਪਤਾ ਸੀ ਕਿ ਤੂੰ ਰਿਸ਼ਤੇ ਵਾਸਤੇ ਹਾਂ ਨਹੀਂ ਕਰਨੀ ਇਸ ਕਰਕੇ ਮੈਂ ਆਪ ਹੀ ਸ਼ਗਨ ਦੇ ਆਇਆਂ ਹਾਂ। ਤੂੰ ਬਸ ਤਿਆਰੀਆਂ ਕਰ ਅੱਜ ਰਾਤ ਹੀ ਲਾਵਾਂ ਹੋ ਜਾਣਗੀਆਂ। ਇਹ ਸੁਣ ਕੇ ਕੌਰਾਂ ਉਸਨੂੰ ਬਹੁਤ ਬੁਰਾ ਭਲਾ ਕਹਿੰਦੀ ਹੈ ਅਤੇ ਉਸਦੇ ਸਿਰ ਚੜ੍ਹ ਕੇ ਮਰਨ ਦੇ ਡਰਾਵੇ ਦਿੰਦੀ ਹੈ। ਫਿਰ ਹੁਸ਼ਿਆਰਚੰਦ ਉਸਨੂੰ ਸਮਝਾਉਂਦਾ ਹੈ ਕਿ ਉਸਨੇ ਹੀ ਰਿਸ਼ਤਾ ਸੋਚ ਸਮਝ ਕੇ ਕੀਤਾ ਹੈ। ਉਹ ਕੌਰਾਂ ਨੂੰ ਪੈਸਿਆਂ ਦੀ ਥੈਲੀ ਵਿਖਾਉਂਦਾ

Class - 9 Ramandeep Kaur

Topic - ਸੁਹਾਗ ਪਾਠ - 1 ( P-3 )

ਹੌਇਆ ਕਹਿੰਦਾ ਹੈ ਕਿ ਧੀ ਦਾ ਵਿਆਹ ਵੀ ਹੋ ਜਾਵੇਗਾ ਅਤੇ ਆਪਣਾ ਕਰਜ਼ਾ ਵੀ ਉਤਰ ਜਾਵੇਗਾ। ਇਸ ਧੌਲੇ ਜਠਿਆਰ ਵਾਲੇ ਵਰ ਨੇ ਕੁੜੀ ਦੇ ਵਿਆਹ ਬਦਲੇ ਦਿੱਤੇ ਹਨ। ਕੈਰੋਂ ਰੁਪਏ ਦੇਖ ਕੇ ਉਸਦੀ ਵਿਰੋਧਤਾ ਕਰਨੀ ਛੱਡ ਦਿੰਦੀ ਹੈ ਅਤੇ ਇਜ਼ਤ ਲਈ ਮੰਨ ਜਾਂਦੀ ਹੈ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਗੌਰ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

1. ਪਿੰਡ ਦੀ ਨੈਣ ਕੀ ਸੱਚ ਦਸਦੀ ਹੈ?

2. ਕੈਰੋਂ ਹੁਸ਼ਿਆਰ ਚੰਦ ਨਾਲ ਝਗੜਾ ਕਿਉਂ ਕਰਦੀ ਹੈ?

3. ਕੈਰੋਂ ਵਿਆਹ ਵਾਸਤੇ ਹਾਮੀ ਕਿਉਂ ਭਰਦੀ ਹੈ?

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਵਿਦਿਆਰਥੀ ਆਪ ਲਿਖਣ ਦਾ ਯਤਨ ਕਰਨਗੇ।

ਆਓ ਹੁਣ ਵਿਚਾਰਦੇ ਹਾਂ ਅੱਗੇ ਕੀ ਵਾਪਰਦਾ ਹੈ।

→ **ਮੇਲੋ ਦਾ ਉਲਾਂਭਾ**

ਹੁਸ਼ਿਆਰ ਚੰਦ ਜੰਞ ( ਬਰਾਤ ) ਦਾ ਪਤਾ ਕਰਨ ਚਲਾ ਜਾਂਦਾ ਹੈ ਅਤੇ ਕੈਰੋਂ ਲਾਜੋ ਨੂੰ ਲੈ ਕੇ

Class - 9

Topic - ਸੁਹਾਗ

Ramandeep Kaur

ਪਾਠ - 1 (P-4)

ਚਲੀ ਜਾਂਦੀ ਹੈ। ਮੱਲੋ ਨੇ ਮਾਂ-ਪਿਉ ਦੇ ਝਗੜੇ ਤੋਂ ਵਿਆਹ ਦੀਆਂ ਗੱਲਾਂ ਸੁਣੀਆਂ ਸੀ ਪਰ ਉਸਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਕਿਸਦੇ ਵਿਆਹ ਬਾਰੇ ਗੱਲ ਹੋ ਰਹੀ ਹੈ। ਦੇਖੋ ਮਾਂ-ਪਿਉ ਕਿੰਨੇ ਜ਼ੁਲਮੀ ਹਨ ਜਿਸਦਾ ਵਿਆਹ ਕਰਨਾ ਹੈ ਉਸਨੂੰ ਕੁੱਝ ਪਤਾ ਹੀ ਨਹੀਂ। ਉਸ ਨਾਲ ਕੋਈ ਗੱਲਬਾਤ ਹੀ ਨਹੀਂ। ਘੋਰ ਪਾਪ।

→ ਬਸੰਤੋ ਦੁਆਰਾ ਸੱਚ ਦੱਸਣਾ

ਮੱਲੋ ਦੀ ਸਹੇਲੀ ਬਸੰਤੋ ਆ ਕੇ ਸਾਰੀਆਂ ਗੱਲਾਂ ਦੱਸਦੀ ਹੈ। ਉਹ ਸਭ ਕੁੱਝ ਨੈਣ ਤੋਂ ਸੁਣ ਕੇ ਆਈ ਸੀ। ਉਹ ਕਹਿੰਦੀ ਹੈ ਕਿ ਤੇਰੇ ਵਿਆਹ ਦੀਆਂ ਗੱਲਾਂ ਹੋ ਰਹੀਆਂ ਹਨ। ਤੇਰਾ ਹੀ ਵਿਆਹ ਕਰਨਾ ਹੈ ਪਰ ਉਸ ਦੁਹਾਜੂ ਨਾਲ, ਜਿਹੜਾ ਵਡੇਰੀ ਉਮਰ ਦਾ ਹੈ, ਪੋਤੇ-ਪੋਤੀਆਂ ਵਾਲਾ ਹੈ। ਇਹ ਸੁਣ ਕੇ ਮੱਲੋ ਬਹੁਤ ਦੁਖੀ ਹੁੰਦੀ ਹੈ। ਉਹ ਆਤਮਘਾਤ ਕਰਨ ਦੀਆਂ ਗੱਲਾਂ ਕਰਦੀ ਹੈ। ਅਜਿਹਾ ਹੋਣ ਤੋਂ ਪਹਿਲਾਂ ਉਹ ਮਰਨਾ ਹੀ ਚਾਹੁੰਦੀ ਹੈ ਪਰ ਉਸ ਬੁੱਢੇ ਦੇ ਲੜ ਨਹੀਂ ਲੱਗਣਾ ਚਾਹੁੰਦੀ। ਬਸੰਤੋ ਉਸਨੂੰ ਅਜਿਹਾ ਕਰਨ ਤੋਂ ਰੋਕਦੀ ਅਤੇ ਭਜ ਜਾਣ ਦੀ ਸਲਾਹ ਦਿੰਦੀ ਹੈ। ਉਹ ਮੱਲੋ ਨੂੰ ਖੂਹ ਵਿੱਚ ਛਾਲ ਮਾਰਨ ਤੋਂ ਰੋਕਦੀ ਹੈ ਅਤੇ ਮੌਸੀ ਦੇ ਪਿੰਡ ਭਜਾ ਦਿੰਦੀ ਹੈ।

→ ਵਿਆਹ ਦੀਆਂ ਰਸਮਾਂ ਪੂਰੀਆਂ ਕਰਨ ਦਾ ਸਮਾਂ

Class-9 Ramandeep Kaur

Topic- ਸੁਹਾਗ ਪਾਠ-1 (P-5)

ਹੁਸ਼ਿਆਰ ਚੰਦ ਕੌਰਾਂ ਨੂੰ ਦਸਦਾ ਹੈ ਕਿ ਜੰਜ ਆ ਗਈ ਹੈ। ਉਹ ਮੇਲੋ ਨੂੰ ਛੇਤੀ ਤਿਆਰ ਕਰੇ। ਕੌਰਾਂ ਆਪਣੇ ਸਿਰ ਤੇ ਲਾਲ ਚੁੰਨੀ ਲੈਂਦੀ ਹੈ ਅਤੇ ਤਿਆਰੀਆਂ ਸ਼ੁਰੂ ਕਰਦੀ ਹੈ। ਪਾਧਾ ਕਹਿੰਦਾ ਹੈ ਕਿ ਛੇਤੀ ਕਰਨ ਮਹੂਰਤ ਦਾ ਸਮਾਂ ਨਾ ਨਿਕਲ ਜਾਵੇ। ਕੌਰਾਂ ਮੇਲੋ ਨੂੰ ਆਵਾਜ਼ਾਂ ਮਾਰਦੀ ਹੈ, ਘਰ ਦੇ ਹਰ ਕੋਨੇ ਵਿੱਚ ਲਭਦੀ ਹੈ ਪਰ ਮੇਲੋ ਹੋਵੇ ਤਾਂ ਬੋਲੇ। ਕੌਰਾਂ ਬੜੀ ਹੈਰਾਨ ਪਰੇਸ਼ਾਨ ਹੁੰਦੀ ਹੈ। ਹੁਸ਼ਿਆਰ ਚੰਦ ਉਸਨੂੰ ਮੰਦਾ-ਚੰਗਾ ਬੋਲਦਾ ਹੈ। ਬਾਹਰ ਪਾਧਾ ਆਵਾਜ਼ ਮਾਰਦਾ ਹੈ। ਉਹ ਦੋਵੇਂ ਜੀਅ ਬੜੇ ਪਰੇਸ਼ਾਨ ਹੁੰਦੇ ਹਨ। ਕੌਰਾਂ ਮੇਲੋ ਨੂੰ ਘਰੋਂ ਨੱਸ ਗਈ ਸਮਝ ਕੇ ਬੁਰਾ-ਭਲਾ ਕਹਿੰਦੀ ਹੈ। ਹੁਸ਼ਿਆਰ ਚੰਦ ਹੈਰਾਨ ਪਰੇਸ਼ਾਨ ਕੀ ਕਰੇ? ਹੁਣ ਉਹ ਕਿਵੇਂ ਇਸ ਮੌਕੇ ਨੂੰ ਸੰਭਾਲੇ? ਉਹ ਪਾਪੀ ਪਿਓ ਨੂੰ ਸਿਰਫ ਪੈਸਾ ਹੀ ਵਿਖਾਈ ਦਿੰਦਾ ਹੈ। ਉਹ ਗੁੱਡੀਆਂ ਨਾਲ ਖੇਡਦੀ ਲਾਜੋ ਨੂੰ ਗੋਦੀ ਚੁੱਕ ਕੇ ਲੈ ਜਾਂਦਾ ਹੈ। ਕੌਰਾਂ ਵੀ ਰੋਂਦੀ-ਕੁਰਲਾਉਂਦੀ ਹੈ ਅਤੇ ਲਾਜੋ ਵੀ ਰੋਂਦੀ ਹੈ ਪਰ ਸਭ ਕੁੱਝ ਵਿਅਰਥ ਹੋ ਜਾਂਦਾ ਹੈ। ਕੌਰਾਂ ਉਸਨੂੰ ਬਹੁਤ ਬੁਰਾ ਭਲਾ ਬੋਲਦੀ ਹੈ। ਪਰ ਉਸਦੀ ਪੇਸ਼ ਨਹੀਂ ਚਲਦੀ ਅਤੇ ਉਹ ਲਾਜੋ ਨੂੰ ਵਿਆਹ ਵਾਸਤੇ ਲੈ ਜਾਂਦਾ ਹੈ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

Class-9 | Ramandeep kaur
Topic- ਮੁਗਾਗ | ਪਾਠ-1 (P-6)

4. ਮਾਲੋ ਕੀ ਸੋਚਦੀ ਹੈ ?

5. ਬਸੰਤੋ ਮਾਲੋ ਨੂੰ ਕੀ ਦਸਦੀ ਹੈ ?

6. ਜ਼ਿੰਦਗੀ ਦੇ ਅਖੀਰ ਵਿੱਚ ਕੀ ਹੁੰਦਾ ਹੈ ?

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਵਿਦਿਆਰਥੀ ਸੋਚ ਸਮਝ ਕੇ ਆਪ ਲਿਖਣਗੇ ।

⇛ ਮੈ ਵਿਦਿਆਰਥੀਓ ਹੁਣ ਅਸੀਂ ਜ਼ਿੰਦਗੀ ਦੇ ਕੁੱਝ ਖਾਸ ਪਹਿਲੂਆਂ ਬਾਰੇ ਵਿਚਾਰ ਕਰਾਂਗੇ । ਲੇਖਕ ਸਾਨੂੰ ਕੀ ਸੁਨੇਹਾ ਦੇਣਾ ਚਾਹੁੰਦਾ ਹੈ ? ਜਾਂ ਲੇਖਕ ਕਿਓਂ ਕਿਸੇ ਸਮਾਜ ਬਾਰੇ ਸੋਚਦਾ ਹੈ ?

★ <u>ਆਰਥਿਕ ਤੰਗੀ</u> – ਸਾਰੀਆਂ ਸਮਾਜਿਕ ਸਮਸਿਆਵਾਂ ਦੀ ਜੜ੍ਹ ਪੈਸਾ ਹੀ ਰਹੀ ਹੈ। ਗਰੀਬੀ ਦੀ ਬੇਵਸੀ ਕਾਰਨ ਆਪਣੀਆਂ ਭਾਵਨਾਵਾਂ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ। ਗਰੀਬੀ ਕਾਰਨ ਮਨੁੱਖ ਕਈ ਵਾਰ ਅਜਿਹੇ ਕਦਮ ਚੁੱਕਦਾ ਹੈ ਜੋ ਤੁਸੀਂ ਸੋਚ ਵੀ ਨਹੀਂ ਸਕਦੇ। ਜਿਵੇਂ ਗਰੀਬੀ ਵਿੱਚ ਬੇਵਸ ਹੁਸ਼ਿਆਰ ਚੰਦ ਆਪਣੀ ਧੀ ਦਾ ਰਿਸ਼ਤਾ ਆਪਣੇ ਤੋਂ ਵਡੇਰੀ ਉਮਰ ਦੇ ਬੰਦੇ ਨਾਲ ਕਰਦਾ ਹੈ।

★ <u>ਅਣਜੋੜ ਵਿਆਹ</u> – ਅਣਜੋੜ ਵਿਆਹ ਤੋਂ ਭਾਵ ਕਿ ਰਹੀ- ਜੋੜੇ ਦਾ ਆਪਸ ਵਿੱਚ ਕੋਈ ਮੇਲ ਨਹੀਂ। ਬਸ ਮਜਬੂਰੀ ਅਤੇ ਮਜਬੂਰੀ ਵਿੱਚ ਕੀਤਾ ਰਿਸ਼ਤਾ। ਜਿਵੇਂ ਹੁਸ਼ਿਆਰ ਚੰਦ ਮਾਲੋ

Be Positive...

Class-9 | Ramandeep Kaur

Topic- ਸੁਹਾਗ | ਪਾਠ-1 (P-7)

ਦਾ ਰਿਸ਼ਤਾ ਪੈਸਿਆਂ ਦੇ ਲਾਲਚ ਵਿੱਚ ਕਰਦਾ ਹੈ। ਉਹ ਬੰਦਾ ਹੁਸ਼ਿਆਰ ਚੰਦ ਤੋਂ ਵੀ ਉਮਰ ਵਿੱਚ ਵੱਡਾ ਹੈ। ਉਹ ਹੋਰ ਪਾਪ ਕਰਦਾ ਹੈ ਜਦੋਂ ਆਪਣੀ ਛੋਟੀ ਧੀ ਨੂੰ ਉਸ ਬੁੱਢੇ ਦੇ ਲੜ ਲਾਉਂਦਾ ਹੈ। ਇਹ ਅਣਜੋੜ ਵਿਆਹ ਦਾ ਸਭ ਤੋਂ ਵੱਡਾ ਨਮੂਨਾ ਹੈ।

ਮਰਦ ਪ੍ਰਧਾਨ ਸਮਾਜ ਸਹੀ ਤਸਵੀਰ – ਇਸ ਇਕਾਂਗੀ ਵਿੱਚ ਮਰਦ ਪ੍ਰਧਾਨ ਸਮਾਜ ਦੀ ਸਹੀ ਤਸਵੀਰ ਨੂੰ ਦਰਸਾਇਆ ਗਿਆ ਹੈ। ਹੁਸ਼ਿਆਰ ਚੰਦ ਨੇ ਆਪਣੇ ਘਰ ਵਿੱਚ ਕਿਸੇ ਦੀ ਨਹੀਂ ਸੁਣੀ। ਲੋਕਾਂ ਨੇ ਉਸਦਾ ਵਿਰੋਧ ਵੀ ਕੀਤਾ ਪਰ ਪਹਿਲਾਂ ਉਸਨੂੰ ਪੈਸਿਆਂ ਦਾ ਲਾਲਚ ਦੇ ਕੇ ਚੁੱਪ ਕਰਾਉਂਦਾ ਹੈ ਅਤੇ ਅਖੀਰ ਵਿੱਚ ਤਾਂ ਉਹ ਲੋਕਾਂ ਦੀ ਇੱਕ ਨਹੀਂ ਸੁਣਦਾ ਅਤੇ ਲਾਜੋ ਦੇ ਜੀਵਨ ਨੂੰ ਨਰਕ ਵਿੱਚ ਸੁੱਟ ਦਿੰਦਾ ਹੈ। ਦੂਜੇ ਪਾਸੇ ਉਹ ਬੁੱਢਾ ਵੀ ਆਪਣੇ ਮਨ ਦੀ ਕਰਦਾ ਹੈ, ਆਪਣੇ ਧੀਆਂ-ਪੁੱਤਾਂ ਦੇ ਝਗੜੇ ਦਾ ਸ਼ਿਕਾਰ ਇੱਕ ਕੋਮਲ ਜਹੇ ਫੁੱਲ (ਲਾਜੋ) ਨੂੰ ਬਣਾਉਂਦਾ ਹੈ। ਉਸਨੂੰ ਸਮਾਜ ਦੀ ਕੋਈ ਸ਼ਰਮ ਨਹੀਂ ਸਗੋਂ ਜਾਇਦਾਦ ਦਾ ਫ਼ਿਕਰ ਹੈ।

ਬਾਲ ਵਿਆਹ ਦੀ ਰੀਤ – ਇਸ ਰਚਨਾ ਰਾਹੀਂ ਬਾਲ ਵਿਆਹ ਦੀ ਪੁਰਾਣੀ ਰੀਤ ਨੂੰ ਦਰਸਾਇਆ ਗਿਆ ਹੈ। ਧੀਆਂ ਨੂੰ ਬੋਝ ਸਮਝਿਆ ਜਾਂਦਾ ਹੈ। ਉਹਨਾਂ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ। ਉਹਨਾਂ ਦੇ ਭੈੜੇ ਨਸੀਬ ਆਪ ਹੀ ਲਿਖ ਦਿੱਤੇ ਜਾਂਦੇ ਹਨ।

ਇਸਤਰੀ ਦੀ ਸਥਿਤੀ – ਪੁਰਾਣਿਆਂ ਸਮਿਆਂ ਤੋਂ ਹੀ ਇਸਤਰੀ/ ਘਰ ਦੀ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ। ਉਹ ਸਿਰਫ਼ ਘਰ ਦੀ ਚਾਰ-ਦੀਵਾਰੀ ਵਿੱਚ ਰਹਿ ਕੇ ਘਰ ਦਾ ਕੰਮ ਕਰੇਗੀ ਅਤੇ ਬੱਚੇ ਪਾਲੇਗੀ। ਉਸਦੇ ਵਿਚਾਰਾਂ

Class-9 Ramandeep Kaur

Topic- ਸੁਹਾਗ ਪਾਠ-1 (P-8)

ਵਿਚਾਰਾਂ ਨੂੰ ਕਿਸੇ ਕਿਸਮ ਦੀ ਅਜ਼ਾਦੀ ਨਹੀਂ ਮਿਲ ਸਕਦੀ। ਉਸਦੀਆਂ ਭਾਵਨਾਵਾਂ ਦਾ ਗਲਾ ਘੁੱਟ ਦਿੱਤਾ ਜਾਂਦਾ ਸੀ। ਉਹ ਆਪਣੇ ਲਈ ਆਪਣੀ ਖੁਸ਼ੀ ਲਈ ਕੁਝ ਨਹੀਂ ਕਰ ਸਕਦੀ ਸੀ। ਜਿਵੇਂ ਇਸ ਇਕਾਂਗੀ ਵਿੱਚ ਕੌਰਾਂ, ਮੇਲੋ ਅਤੇ ਲਾਜੋ ਸਾਰੀਆਂ ਹੀ ਕਮਜ਼ੋਰ, ਮਜ਼ਬੂਰ ਅਤੇ ਬੇਵਸ ਹਨ। ਉਹਨਾਂ ਦੇ ਮਨ ਦੀ ਗਲ ਸੁਣਨ ਵਾਲਾ ਅਤੇ ਸਮਝਣ ਵਾਲਾ ਕੋਈ ਨਹੀਂ ਹੈ।

ਇਸਤਰੀ ਵਿੱਦਿਆ ਦੀ ਕਮੀ – ਅਨਪੜ੍ਹਤਾ ਅਜਿਹਾ ਕੋਹੜ ਹੈ ਜਿਸ ਨਾਲ ਸਾਰਾ ਸਮਾਜ, ਸਮਾਜਿਕ ਜੀਵਨ ਜੜ੍ਹੋਂ ਖੋਖਲਾ ਹੋ ਜਾਂਦਾ ਹੈ। ਜੇਕਰ ਅਨਪੜ੍ਹਤਾ ਖਤਮ ਹੋ ਜਾਏ ਤਾਂ ਕਈ ਸਮੱਸਿਆਵਾਂ ਸੁੱਕ ਜਾਣਗੀਆਂ। ਸਾਨੂੰ ਲਗਦਾ ਹੈ ਜੇਕਰ ਕੌਰਾਂ, ਮੇਲੋ ਅਤੇ ਲਾਜੋ ਅਨਪੜ੍ਹ ਨਾ ਹੁੰਦੀਆਂ ਤਾਂ ਸ਼ਾਇਦ ਉਹ ਆਪਣੇ ਹੱਕਾਂ ਲਈ ਲੜਦੀਆਂ ਅਤੇ ਉਹਨਾਂ ਦਾ ਜੀਵਨ ਨਰਕ ਨਾ ਬਣਦਾ।

ਸਮਾਜਿਕ ਸੁਧਾਰ – ਲੇਖਕ ਇਸ ਇਕਾਂਗੀ ਰਾਹੀਂ ਸਮਾਜ ਸੁਧਾਰ ਦੀ ਇੱਛਾ ਪ੍ਰਗਟ ਕਰ ਗਿਆ ਹੈ। ਉਪਰੋਕਤ ਸਮੱਸਿਆਵਾਂ ਨੂੰ ਸਮਾਜ ਵਿੱਚੋਂ ਮੁਕਾਉਣਾ ਚਾਹੁੰਦਾ ਹੈ। ਭਾਵੇਂ ਅਜੋਕਾ ਯੁੱਗ ਬਦਲ ਗਿਆ ਹੈ ਪਰ ਇਹ ਔਕੜਾਂ ਜੜ੍ਹੋਂ ਨਹੀਂ ਮੁੱਕੀਆਂ।

ਘਰ ਦਾ ਕੰਮ

ਅਭਿਆਸ ਪ੍ਰਸ਼ਨ ਦੇ ਪੰਨਾ ਨੰਬਰ 143 ਅਤੇ ਪੰਨਾ ਨੰਬਰ 144 ਦੇ ਪ੍ਰਸ਼ਨ ਹੱਲ ਕਰਨ ਦਾ ਯਤਨ ਕਰੋ।

ਧੰਨਵਾਦ

(Last page)